ਇਹ ਜਾਣਕਾਰੀ ਅਪੀਲ ਕਰਨ ਦੀ ਕਾਰਵਾਈ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ। 'ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ' (WCAT) ਕੋਲ ਅਪੀਲ ਸ਼ੁਰੂ ਕਰੋ। ਜ਼ਿਆਦਾ ਜਾਣਕਾਰੀ ਸਾਡੀ ਵੈੱਬਸਾਈਟ wcat.bc.ca ਉੱਪਰ ਦੇਖੋ। ਜੇਕਰ ਤੁਹਾਡੇ ਕੋਲ ਇੰਟਰਨੈੱਟ ਦੀ ਸਹੂਲਤ ਨਹੀਂ ਹੈ, ਤਾਂ ਤੁਸੀਂ ਵਧੇਰੇ ਜਾਣਕਾਰੀ ਲੈਣ ਲਈ 604-664-7800 ਜਾਂ 1-800-663-2782 (ਬੀ.ਸੀ. ਵਿੱਚ ਮੁਫਤ) 'ਤੇ ਫੋਨ ਕਰ ਸਕਦੇ ਹੋ।

## ਅਪੀਲ ਸ਼ੁਰੂ ਕਰੋ

ਅਪੀਲ ਸ਼ੁਰੂ ਕਰਨ ਲਈ, ਤੁਹਾਡੇ ਲਈ WCAT ਨੂੰ ਲਿਖਤੀ ਰੂਪ ਵਿੱਚ ਬੇਨਤੀ ਕਰਨੀ ਜ਼ਰੂਰੀ ਹੈ।

ਸ਼ੁਰੂ ਕਰਨ ਲਈ ਹੇਠਾਂ ਦਿੱਤੀਆਂ ਚੋਣਾਂ ਵਿੱਚੋਂ ਕਿਸੇ ਇੱਕ ਦੀ ਵਰਤੋਂ ਕਰੋ।

1. **ਫਾਰਮ ਭਰੋ:** ਇੱਕ ਔਨਲਾਈਨ ਫਾਰਮ ਭਰੋ, ਜਾਂ ਕਾਪੀ ਪ੍ਰਿੰਟ ਕਰਕੇ WCAT ਨੂੰ ਭੇਜੋ।

ਫਾਰਮ: ਨੋਟਿਸ ਆਫ ਅਪੀਲ - ਕੰਪਨਸੇਸ਼ਨ

ਇਸ ਫਾਰਮ ਦੀ ਵਰਤੋਂ ਕਰੋ ਜੇਕਰ ਤੁਸੀਂ ਆਪਣੇ ਵਰਕਰਜ਼ ਕੰਪਨਸੇਸ਼ਨ ਦੇ ਭੱਤਿਆਂ ਬਾਰੇ ਕਿਸੇ ਫੈਸਲੇ, ਜਿਵੇਂ ਕਿ ਸੱਟ ਜਾਂ ਬਿਮਾਰੀ ਨੂੰ ਸਵੀਕਾਰ ਕਰਨ ਬਾਰੇ ਫੈਸਲਾ, ਜਾਂ ਆਪਣੇ ਭੱਤਿਆਂ ਦੀ ਰਕਮ ਬਾਰੇ ਅਪੀਲ ਕਰ ਰਹੇ ਹੋ।

WCAT.BC.CA > FORMS > NOTICE OF APPEAL - REVIEW DIVISION COMPENSATION DECISION

ਫਾਰਮ: ਨੋਟਿਸ ਆਫ ਅਪੀਲ- ਅਸੈੱਸਮੈਂਟ ਜਾਂ ਆਕੂਪੇਸ਼ਨਲ ਹੈਲਥ ਐਂਡ ਸੇਫਟੀ

ਇਸ ਫਾਰਮ ਦੀ ਵਰਤੋਂ ਕਰੋ ਜੇਕਰ ਤੁਸੀਂ ਇਹਨਾਂ ਬਾਰੇ ਅਪੀਲ ਕਰ ਰਹੇ ਹੋ:

- ਅਸੈੱਸਮੈਂਟ ਡਿਪਾਰਟਮੈਂਟ ਦੁਆਰਾ ਫੈਸਲਾ ਕਿ ਕੰਮ-ਮਾਲਕ ਨੂੰ ਫੀਸਾਂ (ਅਸੈੱਸਮੈਂਟਸ) ਵਿੱਚ ਕੀ ਭੁਗਤਾਨ ਕਰਨ ਦੀ ਲੋੜ ਹੈ, ਜਿਵੇਂ ਕਿ ਤੁਹਾਡੀ ਵਰਗੀਕਰਨ ਇਕਾਈ ਜਾਂ ਤਨਖਾਹ ਬਾਰੇ ਫੈਸਲਾ।
- ਕਿੱਤਾਮੁਖੀ ਸਿਹਤ ਅਤੇ ਸੁਰੱਖਿਆ ਦਾ ਫੈਸਲਾ, ਜਿਵੇਂ ਕਿ ਕਿੱਤਾਮੁਖੀ ਸਿਹਤ ਅਤੇ ਸੁਰੱਖਿਆ ਦੇ ਜੁਰਮਾਨੇ ਬਾਰੇ ਫੈਸਲਾ।

WCAT.BC.CA > FORMS > NOTICE OF APPEAL - REVIEW DIVISION ASSESSMENT OR OCCUPATIONAL HEALTH AND SAFETY DECISION

ਫਾਰਮ: ਨੋਟਿਸ ਆਫ ਅਪੀਲ-ਪ੍ਰੋਹੈਬਟਿਡ ਐਕਸ਼ਨ

ਇਸ ਫਾਰਮ ਦੀ ਵਰਤੋਂ ਕਰੋ ਜੇਕਰ ਤੁਸੀਂ ਕਿਸੇ ਫੈਸਲੇ ਲਈ ਅਪੀਲ ਕਰ ਰਹੇ ਹੋ ਕਿ ਕੀ ਕਿਸੇ ਕੰਮ-ਮਾਲਕ ਨੇ ਕੋਈ ਵਰਜਿਤ ਕਾਰਵਾਈ ਕੀਤੀ ਹੈ, ਜਾਂ ਕਿਸੇ ਵਰਜਿਤ ਕਾਰਵਾਈ ਲਈ ਉਹਨਾਂ ਨੂੰ ਕੀ ਇਵਜ਼ਾਨਾ ਦੇਣਾ ਚਾਹੀਦਾ ਹੈ।

WCAT.BC.CA > FORMS > NOTICE OF APPEAL - WORKSAFEBC PROHIBITED ACTION DECISION

## 2. ਚਿੱਠੀ ਲਿਖੋ

WCAT ਨੂੰ ਚਿੱਠੀ ਭੇਜੋ। ਉਸ ਵਿੱਚ ਇਹ ਸ਼ਾਮਲ ਕਰਨਾ ਯਕੀਨੀ ਬਣਾਓ:

- ਉਹ ਫੈਸਲਾ ਜਾਂ ਹੁਕਮ ਜਿਸ ਦੀ ਤੁਸੀਂ ਅਪੀਲ ਕਰ ਰਹੇ ਹੋ
- ਰਿਵਿਊ ਡਿਵੀਜ਼ਨ ਦੇ ਫੈਸਲਿਆਂ ਲਈ, ਉਹਨਾਂ ਫੈਸਲਿਆਂ ਦੀ ਮਿਤੀ ਅਤੇ ਰਿਵਿਊ ਨੰਬਰ (R#######) ਸ਼ਾਮਲ ਕਰੋ ਜਿਨ੍ਹਾਂ ਦੀ ਤੁਸੀਂ ਅਪੀਲ ਕਰਨਾ ਚਾਹੁੰਦੇ ਹੋ
- ਇਸ ਗੱਲ ਦਾ ਸਪੱਸ਼ਟੀਕਰਨ ਕਿ ਤੁਹਾਨੂੰ ਫੈਸਲਾ ਕਿਉਂ ਗਲਤ ਲੱਗਦਾ ਹੈ ਅਤੇ ਤੁਸੀਂ ਕਿਹੜੇ ਨਤੀਜੇ ਚਾਹੁੰਦੇ ਹੋ
- ਸੰਪਰਕ ਜਾਣਕਾਰੀ - ਨਾਮ, ਪਤਾ, ਫ਼ੋਨ ਨੰਬਰ, ਅਤੇ ਈਮੇਲ (ਜੇਕਰ ਤੁਹਾਡਾ ਕੋਈ ਨੁਮਾਇੰਦਾ ਹੈ ਤਾਂ ਉਸ ਦਾ ਨਾਮ ਅਤੇ ਫ਼ੋਨ ਨੰਬਰ ਵੀ)
- ਵਰਕਸੇਫ਼ਬੀਸੀ ਦਾ ਕਲੇਮ ਨੰਬਰ (ਜਾਂ ਫਾਈਲ ਨੰਬਰ)
- ਤੁਸੀਂ ਆਪਣੀ ਅਪੀਲ ਕਿਵੇਂ ਸੁਣੀ ਜਾਣੀ ਚਾਹੁੰਦੇ ਹੋ (ਲਿਖਤੀ ਸਪੁਰਦਗੀ ਜਾਂ ਜ਼ੁਬਾਨੀ ਸੁਣਵਾਈ ਦੁਆਰਾ)
- ਤੁਹਾਡੇ ਦਸਤਖਤ
- ਤੁਸੀਂ ਆਪਣੇ ਮੂਲ ਵਾਸੀ (ਇਨਡਿਜਨਸ) ਵੰਸ਼ ਦੀ ਸਵੈ-ਪਛਾਣ ਕਰਨਾ ਵੀ ਚੁਣ ਸਕਦੇ ਹੋ: wcat.bc.ca > self-identify as Indigenous

## 3. WCAT ਨੂੰ ਫੋਨ ਕਰੋ

**ਜੇਕਰ ਤੁਸੀਂ ਆਪਣੀ ਲਿਖਤੀ ਅਪੀਲ ਤੁਰੰਤ ਲਿਖਤੀ ਰੂਪ ਵਿੱਚ ਦਾਇਰ ਨਹੀਂ ਕਰ ਸਕਦੇ**, ਤਾਂ ਤੁਸੀਂ WCAT ਨੂੰ ਫੋਨ ਕਰਕੇ ਸਾਨੂੰ ਦੱਸ ਸਕਦੇ ਹੋ ਕਿ ਤੁਸੀਂ ਅਪੀਲ ਕਰਨ ਦੀ ਯੋਜਨਾ ਬਣਾ ਰਹੇ ਹੋ। ਫਿਰ ਅਸੀਂ ਤੁਹਾਨੂੰ ਨੋਟਿਸ ਆਫ ਅਪੀਲ ਫਾਰਮ ਭੇਜਾਂਗੇ ਅਤੇ ਤੁਹਾਨੂੰ 21 ਦਿਨਾਂ ਦੇ ਅੰਦਰ ਇਸ ਨੂੰ ਭਰਨ ਲਈ ਕਹਾਂਗੇ। ਜੇਕਰ ਸਾਨੂੰ ਤੁਹਾਡਾ ਫਾਰਮ ਨਹੀਂ ਮਿਲਦਾ, ਤਾਂ ਅਸੀਂ ਅਪੀਲ ਬੰਦ ਕਰ ਸਕਦੇ ਹਾਂ। **ਤੁਹਾਨੂੰ ਫਿਰ ਵੀ ਲਿਖਤੀ ਰੂਪ ਵਿੱਚ ਨੋਟਿਸ ਆਫ ਅਪੀਲ ਦਾਇਰ ਕਰਨ ਦੀ ਲੋੜ ਹੋਵੇਗੀ।**

## ਅਪੀਲ ਸ਼ੁਰੂ ਕਰਨ ਦੀ ਆਖਰੀ ਮਿਤੀ (ਡੈੱਡ ਲਾਈਨ)

ਰਿਵਿਊ ਡਿਵੀਜ਼ਨ ਦੇ ਜ਼ਿਆਦਾਤਰ ਫੈਸਲਿਆਂ 'ਤੇ **30 ਦਿਨਾਂ** ਦੇ ਅੰਦਰ ਅਪੀਲ ਕੀਤੀ ਜਾਣੀ ਜ਼ਰੂਰੀ ਹੁੰਦੀ ਹੈ। **ਆਪਣੀ ਅਪੀਲ ਸ਼ੁਰੂ ਕਰਨ ਲਈ ਉਦੋਂ ਤੱਕ ਉਡੀਕ ਨਾ ਕਰੋ** ਜਦੋਂ ਤੱਕ ਤੁਸੀਂ ਪਹਿਲਾਂ ਜਾਣਕਾਰੀ ਜਾਂ ਸਬੂਤ ਇਕੱਠੇ ਨਹੀਂ ਕਰ ਲੈਂਦੇ। WCAT ਤੁਹਾਡੇ ਵੱਲੋਂ ਅਪੀਲ ਕਰਨ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਿੱਛੋਂ, ਬਾਅਦ ਵਿੱਚ ਸਬੂਤ ਅਤੇ ਜਾਣਕਾਰੀ ਮੰਗੇਗਾ। ਕੁਝ ਅਪੀਲਾਂ, ਜਿਵੇਂ ਕਿ ਵਰਜਿਤ ਕਾਰਵਾਈਆਂ, ਲਈ 90 ਦਿਨਾਂ ਦੇ ਅੰਦਰ ਅਪੀਲਾਂ ਕੀਤੀਆਂ ਜਾ ਸਕਦੀਆਂ ਹਨ।

## ਹੋਰ ਸਮਾਂ ਮੰਗੋ

ਜੇਕਰ ਤੁਸੀਂ ਸਮੇਂ ਸਿਰ ਆਪਣੀ ਅਪੀਲ ਦਾਇਰ ਨਹੀਂ ਕੀਤੀ, ਤਾਂ ਤੁਸੀਂ ਹੋਰ ਸਮਾਂ ਮੰਗ ਸਕਦੇ ਹੋ। ਤੁਹਾਨੂੰ ਇਹ ਦੱਸਣ ਦੀ ਜ਼ਰੂਰਤ ਹੋਏਗੀ ਕਿ ਉਹ ਕੁਝ ਖਾਸ ਹਾਲਾਤ ਕਿਉਂ ਹਨ ਜਿਹੜੇ ਤੁਹਾਨੂੰ ਸਮੇਂ ਸਿਰ ਅਪੀਲ ਦਾਇਰ ਕਰਨ ਤੋਂ ਰੋਕਦੇ ਹਨ। ਹੋ ਸਕਦਾ ਹੈ ਕਿ WCAT ਤੁਹਾਡੀ ਬੇਨਤੀ ਨੂੰ ਮਨਜ਼ੂਰ ਨਾ ਕਰੇ।

## ਜਾਣੋ ਕਿ ਹੋਰ ਸਮਾਂ ਕਿਵੇਂ ਮੰਗਣਾ ਹੈ।

ਸਾਰੇ ਫੈਸਲਿਆਂ ਦੀ WCAT ਕੋਲ ਅਪੀਲ ਨਹੀਂ ਕੀਤੀ ਜਾ ਸਕਦੀ। ਉਦਾਹਰਨ ਵਜੋਂ, WCAT ਨੌਕਰੀ ਦੀ ਮੁੜ ਸਿਖਲਾਈ ਜਾਂ ਕੰਮ 'ਤੇ ਵਾਪਸੀ ਦੇ ਪ੍ਰੋਗਰਾਮਾਂ (ਵੋਕੇਸ਼ਨਲ ਰੀਹੈਬਿਲੀਟੇਸ਼ਨ), ਚੱਲ ਰਹੇ ਭੱਤਿਆਂ ਦੀ ਬਜਾਏ ਇੱਕ ਵਾਰੀ ਇਕੱਠਾ ਭੁਗਤਾਨ (ਕਮਿਊਟੇਸ਼ਨ), ਕਿਸੇ ਮਾਮਲੇ ਨੂੰ ਨਵੇਂ ਫੈਸਲੇ ਲਈ ਵਰਕਸੇਫਬੀਸੀ ਕੋਲ ਵਾਪਸ ਭੇਜਣ ਦੇ ਫੈਸਲਿਆਂ, ਜਾਂ ਜ਼ਿਆਦਾਤਰ ਕਿੱਤਾਮੁਖੀ ਸਿਹਤ ਅਤੇ ਸੁਰੱਖਿਆ ਦੇ ਹੁਕਮਾਂ ਬਾਰੇ ਫੈਸਲਿਆਂ 'ਤੇ ਸੁਣਵਾਈ ਨਹੀਂ ਕਰ ਸਕਦਾ ਜਿਨ੍ਹਾਂ ਵਿੱਚ ਜੁਰਮਾਨਾ ਸ਼ਾਮਲ ਨਹੀਂ ਹੁੰਦਾ। ਜੇਕਰ ਅਸੀਂ ਤੁਹਾਡੀ ਅਪੀਲ ਨਹੀਂ ਸੁਣ ਸਕਦੇ, ਤਾਂ ਅਸੀਂ ਤੁਹਾਨੂੰ ਦੱਸਾਂਗੇ।

ਆਪਣੀ ਅਪੀਲ ਸ਼ੁਰੂ ਕਰਨ ਤੋਂ ਬਾਅਦ, ਆਪਣੇ ਕੇਸ ਦੀ ਤਿਆਰੀ ਕਰਨ ਦਾ ਸਮਾਂ ਆ ਜਾਂਦਾ ਹੈ।
WCAT.BC.CA > APPEAL A DECISION > PREPARE YOUR CASE

## ਮਦਦ ਚਾਹੀਦੀ ਹੈ?

**ਕਿਸੇ ਨੁਮਾਇੰਦੇ (ਰੈਪਰੇਜ਼ਿਨਟੇਟਿਵ) ਦੀ ਮਦਦ ਲਓ।** ਆਪਣੀ ਅਪੀਲ ਦਾ ਪੱਖ ਦੱਸਣ ਵਿੱਚ ਮਦਦ ਲਈ ਤੁਸੀਂ ਕਿਸੇ ਨੂੰ ਮੁਖ਼ਤਾਰ ਬਣਾ ਸਕਦੇ ਹੋ। ਉਹ ਕੋਈ ਵਕੀਲ, ਮੁਆਵਜ਼ਾ ਸਲਾਹਕਾਰ (ਕੰਪਨਸੇਸ਼ਨ ਕਨਸਲਟੈਂਟ), ਯੂਨੀਅਨ ਜਾਂ ਇਮਪਲੌਏਅਰਜ਼ ਐਸੋਸੀਏਸ਼ਨ ਦਾ ਕੋਈ ਵਿਅਕਤੀ, ਪਰਿਵਾਰ ਦਾ ਮੈਂਬਰ ਜਾਂ ਦੋਸਤ ਹੋ ਸਕਦਾ ਹੈ। ਕਿਰਪਾ ਕਰਕੇ ਧਿਆਨ ਦਿਓ ਕਿ WCAT ਤੁਹਾਨੂੰ ਨੁਮਾਇੰਦਾ ਨਿਯੁਕਤ ਕਰਨ ਦੀ ਲਾਗਤ ਦੀ ਭਰਪਾਈ ਨਹੀਂ ਕਰਦਾ ਹੈ।

**ਕਿਸੇ ਸਲਾਹਕਾਰ (ਐਡਵਾਈਜ਼ਰ) ਨਾਲ ਗੱਲ ਕਰੋ।** ਵਰਕਰਾਂ ਅਤੇ ਇਮਪਲੌਏਅਰਾਂ ਦੇ ਸਲਾਹਕਾਰ ਦਫ਼ਤਰ ਉਹਨਾਂ ਲੋਕਾਂ ਨੂੰ ਮੁਫ਼ਤ ਮਦਦ ਪ੍ਰਦਾਨ ਕਰਨ ਲਈ ਬਣਾਏ ਗਏ ਸਨ ਜੋ ਵਰਕਸੇਫਬੀਸੀ ਦੇ ਫੈਸਲੇ ਨਾਲ ਅਸਹਿਮਤ ਹੋਣ। ਉਹ ਵਰਕਸੇਫਬੀਸੀ ਤੋਂ ਆਜ਼ਾਦ ਹਨ ਅਤੇ ਕਿਰਤ ਮੰਤਰਾਲੇ ਦਾ ਹਿੱਸਾ ਹਨ।

ਵਰਕਰਜ਼ ਐਡਵਾਈਜ਼ਰਜ਼ ਆਫਿਸ
www.gov.bc.ca/workersadvisers
1-800-663-4261 (ਬੀ.ਸੀ. ਵਿੱਚ ਮੁਫਤ)

ਇਮਪਲੌਏਅਰਜ਼ ਐਡਵਾਈਜ਼ਰਜ਼ ਆਫਿਸ
www.gov.bc.ca/employersadvisers
1-800-925-2233 (ਬੀ.ਸੀ. ਵਿੱਚ ਮੁਫਤ)

**WCAT ਨਾਲ ਸੰਪਰਕ ਕਰੋ।** ਤੁਹਾਡੀ ਅਪੀਲ ਨੂੰ ਸਹੀ ਥਾਂ 'ਤੇ ਰੱਖਣ ਵਿੱਚ ਮਦਦ ਲਈ WCAT ਦਾ ਸਟਾਫ ਮਦਦ ਕਰ ਸਕਦਾ ਹੈ। ਉਹ ਨਿਰਪੱਖ ਹੁੰਦੇ ਹਨ, ਜਿਸ ਦਾ ਮਤਲਬ ਹੈ ਕਿ ਉਹ ਕਾਨੂੰਨੀ ਸਲਾਹ ਨਹੀਂ ਦਿੰਦੇ ਜਾਂ ਤੁਹਾਡੇ ਨੁਮਾਇੰਦੇ ਵਜੋਂ ਕੰਮ ਨਹੀਂ ਕਰਦੇ।

ਤੁਸੀਂ ਸਾਡੇ ਮੈਨੂਅਲ ਵਿੱਚ ਨਿਯਮਾਂ ਅਤੇ ਕਾਰਵਾਈਆਂ ਬਾਰੇ ਹੋਰ ਜਾਣਕਾਰੀ ਵੀ ਪ੍ਰਾਪਤ ਕਰ ਸਕਦੇ ਹੋ: wcat.bc.ca > resources> manual of rules of practice and procedure